ਅੱਜ ਮਿਤੀ 08/05/2018 ਨੂੰ ਬਲਾਕ ਖਡੂਰ ਸਾਹਿਬ ਵਿੱਖੇ ਜਿਲ੍ਹਾ ਬਾਲ ਸੁਰੱਖਿਆ ਯੂਨਿਟ ਤਰਨ ਤਾਰਨ ਵਲੋਂ ਬਾਲ ਭੀਖਿਆ ਅਤੇ ਬਾਲ ਮਜ਼ਦੂਰੀ ਦੀ ਰੋਕਥਾਮ ਲਈ ਰੈਡ ਕੀਤੀ ਗਈ । ਮਾਨਯੋਗ ਸ.ਕਾਨ ਸਿੰਘ ਪੰਨੂ ,ਸਕੱਤਰ ,ਪੰਜਾਬ ਰਾਜ ਬਾਲ ਅਧਿਕਾਰ ਕਮਿਸ਼ਨ ਪੰਜਾਬ ਜੀ ਦੀ ਦਿਸ਼ਾ ਨਿਰਦੇਸ਼ਾ ਹੇਠ ਪੰਜਾਬ ਨੂੰ ਬਾਲ ਭਿੱਖਿਆ ਮੁਕਤ ਕਰਨ ਦੀ ਮੁਹਿੰਮ ਪੂਰੇ ਪੰਜਾਬ ਵਿਚ ਚਲਾਈ ਜਾ ਰਹੀ ਹੈ । ਇਸ ਸਬੰਧ ਵਿਚ ਡਾ. ਪਲਵੀ ਚੋਦਰੀ ,ਐਸ ਡੀ ਐਮ ਖਡੂਰ ਸਾਹਿਬ ਨਾਲ ਸ਼੍ਰੀ ਕਮਲਜੀਤ ਸਿੰਘ ,ਜਿਲ੍ਹਾ ਬਾਲ ਸੁਰੱਖਿਆ ਅਫ਼ਸਰ ਅਤੇ ਸ਼੍ਰੀ ਰਾਜੇਸ਼ ਕੁਮਾਰ ,ਬਾਲ ਸੁਰੱਖਿਆ ਅਫ਼ਸਰ ਤਰਨ ਤਾਰਨ ਵਲੋਂ ਮੀਟਿੰਗ ਕੀਤੀ ਗਈ ।ਜਿਸ ਵਿੱਚ ਸਿੱਖਿਆ ਵਿਭਾਗ ਤੋਂ ਸ਼੍ਰੀ ਮਨੀਸ਼ ਕੁਮਾਰ,ਪੁਲਿਸ ਵਿਭਾਗ ਤੋਂ ਦਿਵੇਂਦਰ ਸਿੰਘ ਜੀ ਅਤੇ ਦਿਲਜੀਤ ਸਿੰਘ ਜੀ ਹਾਜਰ ਸਨ ।



ਐਸ. ਦੀ.ਐਮ ਖਡੂਰ ਸਾਹਿਬ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਖਡੂਰ ਸਾਹਿਬ ਤਹਿਸੀਲ ਵਿੱਚ ਆਉਂਦੇ ਬਲਾਕਾਂ ਵਿਚ ਰੇਡ ਕਰਨ ਦੀ ਪਲਾਨਿਗ ਕੀਤੀ ਗਈ । ਮਾਨਯੋਗ ਸ਼੍ਰੀ ਪ੍ਰਦੀਪ ਕੁਮਾਰ ਸਭਰਵਾਲ ,ਡਿਪਟੀ ਕਮਿਸ਼ਨਰ ਤਰਨ ਤਾਰਨ ਜੀ ਦੇ ਹੁਕਮ ਹੇਠ ਬਣੀ ਬਲਾਕ ਪੱਧਰ ਬਾਲ ਮਜ਼ਦੂਰੀ ਅਤੇ ਭਿੱਖਿਆ ਟਾਸ੍ਕ ਫੋਰਸ ਵਲੋਂ ਖੁਡੂਰ ਸਾਹਿਬ ,ਗੋਵਿੰਦਵਾਲ ਅਤੇ ਹੋਰ ਮੁੱਖ ਮੁੱਖ ਥਾਵਾਂ ਤੇ ਰੇਡ ਕੀਤੀ ਗਈ ਜਿਸ ਦੌਰਾਨ ਜਿਲ੍ਹਾ ਬਾਲ ਸੁਰੱਖਿਆ ਯੂਨਿਟ ਵਲੋਂ ਲੋਕ ਨੂੰ ਬਾਲ ਮਜ਼ਦੂਰੀ ਅਤੇ ਬਾਲ ਭਿੱਖਿਆ ਪ੍ਰਤੀ ਲੋਕ ਨੂੰ ਜਾਗਰੂਕ ਕੀਤਾ ਅਤੇ ਬੈਨਰ ਲਗਾਏ ਗਏ ।ਲੋਕ ਨੂੰ ਦੱਸਿਆ ਗਿਆ ਕਿ ਬਾਲ ਮਜ਼ਦੂਰੀ ਅਤੇ ਬਾਲ ਭੀਖਿਆ ਨੂੰ ਰੋਕਣ ਲਈ ਜਿਲ੍ਹਾ ਬਾਲ ਸੁਰੱਖਿਆ ਯੂਨਿਟ ਤਰਨ ਤਾਰਨ ਨੂੰ 9780615491,7307433144 ਅਤੇ ਬਾਲ ਹੈਲਪ ਲਾਈਨ 1098 ਤੇ ਸੰਪਰਕ ਕੀਤਾ ਜਾ ਸਕਦਾ ਹੈ।